16971. G

16971-G

16971G

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਭ ਹਕ ਰਾਖਵੇਂ ਹਨ ਬਿਨਾਂ ਆਗਿਆ ਕੋਈ ਨਾ ਛਾਪੇ ।

16971.G

੧ ੳ ਸਤਿਗੁਰਪ੍ਰਸਾਦਿ ॥

# ਕਿੱਸਾ

# ਸਸੀ ਪੁੰਨੂੰ ਹਾਸ਼ਮ

**ਭਾਈ ਚਤਰ ਸਿੰਘ ਜੀਵਨ ਸਿੰਘ**
**ਪੁਸਤਕਾਂ ਵਾਲੇ ਬਜਾਰ ਮਾਈ ਸੇਵਾਂ ਅਮ੍ਰਿਤਸਰ ਨੇ**
ਛਪਵਾਕੇ ਪਰਕਾਸ਼ਤ ਕੀਤਾ

ਭਾਰਤ ਪ੍ਰਿੰਟਿੰਗ ਪ੍ਰੈਸ (ਕਟੜਾ ਰਾਮਗੜ੍ਹੀਆ, ਅਮ੍ਰਿਤਸਰ ਵਿਚ ਭਾਈ ਠਾਕਰਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਯਾ ॥

ARTMENT OF ... PATIALA

[ਮੁਲ ਦੋ ਆਨੇ

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

## ਅਥ ਕਿਸਾ ਸਸੀ ਪੁੰਨੂੰ ਕ੍ਰਿਤ ਕਵਿ ਹਾਸ਼ਮ ਲਿਖ੍ਯਤੇ ।

### ( ਸਿਫਤ ਪਰਮੇਸ਼ਰ ਦੀ )

ਹਿਕਮਤ ਓਸ ਖੁਦਾਵੰਦ ਵਾਲੀ ਮਾਲਕ ਮੁਲਕ ਮਲਕ ਦਾ । ਲਾਖ ਕਰੋੜ ਕਰਨ ਚਤਰਾਈ ਕੋਈ ਪਛਾਨ ਨਾ ਸਕਦਾ । ਕੁਦਰਤ ਨਾਲ ਰਹਾਂ ਸਰਗਰਦਾ ਦਾਇਮ ਚਰਖ ਫਲਕਦਾ । ਹਾਸ਼ਮ ਖ਼ੂਬ ਹੋਈ ਰੁਸ਼ਕਾਰੀ ਫ਼ਰਸ਼ਫਨਾਹ ਖਲਕ ਦਾ ॥ ੧ ॥ ਜੌਮਖਲਕਨਾ ਬਾਹਰ ਇਸਥੀਂ ਹਰਫ ਸੁਖਨ ਵਿਚ ਆਯਾ । ਹਸਨ ਕਲਾਮ ਜੋ ਸਾਇਰ ਕਰਦੇ ਸੁਖਨ ਅਸਾਂ ਥੀਂ ਆਯਾ । ਜੈਹਾ ਅਕਲ ਸ਼ਊਰ ਅਸਾਡਾ ਅਸਾਂ ਭੀ ਆਖ ਸੁਨਾਯਾ । ਹਿਕਮਤ ਨਾਲ ਹਕੀਮ ਅਕਲ ਦੇ ਹਰ ਇਕ ਸ਼ਾਮ ਦਿਖਾਯਾ ॥ ੨ ॥ ਹਿਕਮਤ ਨਾਲ ਹਕੀਮ ਅਜਲ ਦੇ ਨਕਸ਼ ਨਗਾਰ ਬਨਾਯਾ । ਜੋ ਅਸਵਾਰ ਅਸੀਰ ਇਸ਼ਕ ਦਾ ਕਦ ਜਿਸਮ ਵਿਚ ਪਾਇਆ । ਸੁਣ ਸੁਣ ਬੋਤ ਸਸੀ ਦੀਆਂ ਬਾਤਾਂ ਕਾਮਲ ਇਸ਼ਕ ਕਮਾਯਾ ॥ ਹਾਸ਼ਮ ਜੋ ਸਤ ਥੀਂ ਅਤ ਕੀਤਾ ਵਹਿਮ ਉਤੇ ਵਲ ਆਯਾ ॥ ੩ ॥ ਸਿਫਤ ਬਾਦਸ਼ਾਹ ਆਦਮ ਦੀ । ਆਦਮ ਜਾਮ ਭੰਬੋਰ ਸ਼ਹਿਰ ਦਾ ਸਾਹਿਬ ਤਖਤ ਕਹਾਵੇ । ਬਹਿਸ਼ਤੀ ਨੂਰ ਜਨਾਇਤ ਆਦਮ ਹਰ ਇਕ ਸੀਸ ਨਿਵਾਵੇ । ਸ਼ਾਹ ਜਲਾਲ ਸਕੋਦਰ ਵਾਲੀ ਖਾਤਰ ਮੂਲ ਨ ਲਿਆਵੇ । ਹਾਸ਼ਮ ਆਖ ਜਬਾਨ ਨ ਸਕਦੀ ਕੌਣ ਤਾਰੀਫ ਸੁਨਾਵੇ ॥ ੪ ॥ ਸ਼ਹਿਰ ਭੰਬੋਰ ਮਕਾਨ ਇਲਾਹੀ ਅਜਬ ਬਹਿਸ਼ਤ ਬਨਾਯਾ । ਫਰਸ਼ ਫਰੂਸਰਮਨ ਗੁਲ ਬੂਟਾਂ ਹਰ ਹਰ ਜਾਤਿ ਲਗਾਯਾ । ਨਦੀਆਂ ਹੌਜ ਤਲਾਉ ਚੁਤਰਫੀ ਰਲ ਮਿਲ ਸਮਾ ਸੁਹਾਯਾ । ਹਾਸ਼ਮ ਰੂਹ ਰਹੇ ਵਿਚ ਫਸਿਆ ਨਵਾਂ ਫਰੂਸ ਵਸਾਯਾ ॥ ੫ । ਅਮੀਰ ਵਜ਼ੀਰ ਗੁਲਾਮ ਕਰੋੜਾਂ ਲਸ਼ਕਰ ਫੌਜ ਖਜਾਨੇ ਸਬਜੇ ਸਰੂ ਨਿਸ਼ਾਨ ਹਜਾਰਾਂ ਸਯਾਮ ਘਟੀ ਸਮਯਾਨੇ । ਪਾਵਨੇ

Digitized by Panjab Digital Library | www.panjabdigilib.org

169716

ਖੈਰ ਫਕੀਰ ਮੁਸਾਫਰ ਸਾਹਿਬ ਹੋਸ਼ ਦਿਵਾਨੇ। ਹਾਸਮ ਏਸ ਗਮੀ ਵਿਚ ਆਜਜ਼ ਹੋਬ ਉਲਾਦਨਖਾਨੇ ॥੬॥ ਖਾਹਸ਼ ਓਸ ਉਲਾਦ ਹਮੇਸਾਂ ਪਰੀ ਸ਼ਹੀਦ ਮਨਾਵੇ। ਦੇਵੇ ਲਬਾਸ ਪੁਸ਼ਾਕ ਗਰੀਬਾਂ ਭੁਖਿਆਂ ਤਾਮ ਖੁਲਾਵੇ। ਦੇਖ ਉਜਾੜ ਮੁਸਾਫਰਾਂ ਕਾਰਨ ਤਾਲ ਸਜਾਇ ਬ-ਨਾਵੇ ਹਾਸਮ ਕਰੇ ਜਹਾਨ ਦੁਆਈਆਂ ਸਾਈ ਆਸ ਪੁਜਾਵੇ ॥ ੭। ਦੁਰਿਯਤੀਮ ਹਵਦ ਵਿਚ ਹੋਯਾ ਸੁਨੀ ਪੁਕਾਰ ਦਿਲਾਂਦੀ। ਫਿਰੀ ਬਹਾਰ ਸਗੂਫੇ ਵਾਲੀ ਹੋਈ ਉਮੈਦ ਗੁਲਾਂ ਦੀ। ਸਜਮਾ ਕੁਲ ਹੋਈ ਅਬਰੇਸ਼ਮ ਹੈਸੀ ਖਸਤ ਸੁਲਾਂਦੀ। ਹਾਸ਼ਮ ਦੇਖ ਹੋਏ ਗਲਲਾਲਾ ਰੋਗ ਬਹਾਰ ਫੁਲਾਂ ਦੀ ॥੮॥ ਸੱਸੀ ਜਨਮ ਲਿਆ ਸਬਕਦਰੇ ਮਿਸਲ ਹਾਲਲ ਦਰਖਸਾਂ। ਅਕਲ ਕਿਆਸ ਖਿਆਲੋਂ ਬਾਹਰ ਨ ਜ਼ਰ ਕਰੇ ਵਲ ਨਕਸਾਂ ਦੇਖ ਬੇਆਬ ਹੋਏ ਨਗ ਮੋਤੀ ਸੋਗੇ ਲਾਲ ਬਦਖਸਾਂ। ਹਾਸਮ ਆਖ ਤਰੀਫ ਹੁਸਨ ਦੀ ਸਪਸ ਮਸਾਲ ਦਰ ਖਸਾਂ ॥੯॥ ਜੁਲਮ ਜਹਾਨ ਹੋਯਾ ਸੁਹਾਲੇ ਫਿਰਆ ਨੇਕ ਜਮਾਨਾ ਨੌਬਤ ਨਾਰ ਸੁਮਾਰ ਨ ਕਈ ਧਰਪਦਨਾਲ ਤਰਾਨਾ। ਕਰ ਸਿਰਵਾਰ ਸਟਨ ਜ਼ਰ ਮੋਤੀ ਹੋਰ ਜਵਾਰ ਖਾਨਾ ॥ ਹਾਸਮ ਖੈਰ ਕੀਤਾ ਫੁਕ-ਰਵਾ ਮੁਲਕ ਮਾਲ ਖਜ਼ਾਨਾ ॥ ੧੦ ॥ ਅਹਲ ਨਜੂਮ ਸੱਜੇ ਉਸ ਵੇਲੇ ਹਿਫਜ਼ ਤੁਰੈਤ ਜੁਬਾਨੀ। ਸਾਹਿਬ ਧੁਮਨ ਕਰਾਮਤ ਵਾਲੇ ਖਬਰ ਦੇਵਨ ਅਸਮਾਨੀ। ਦੇਖਨ ਉਮਰ ਨਸੀਬ ਸਸੀ ਦੇ ਖੋਲ ਰੁਬਾਨੀ। ਹਾਸਮ ਭਾਰ ਸੱਸੀ ਸਿਰਡਾਢੇਹੋਸ਼ ਬਿਤਾਬਅਸਾਨੀ ।੧੧। ਦੇਖ ਕਿਤਾਬ ਨਜੂਮਨਜੂਮੀ ਹੋਇ ਰਹੇ ਚੁਪ ਸਾਰੇ । ਜ਼ਾਲਮ ਹੁਕਮ ਸ਼ਾਹ ਸੁਲਤਾਨਾ ਕੌਨ ਕੋਈ ਦਮ ਮਾਰੇ ਪਾਤਸ਼ਾਹ ਸਚ ਬੋਲਨਮੁਸ-ਕਲ ਹੋਏ ਲਾਚਾਰ ਵਿਚਾਰੇ। ਹਾਸਮ ਬਖਤ ਬਖੀਲ ਸਸੀ ਦੇ ਕੌਣ ਜਿਤੇ ਕੌਨ ਹਾਰੇ ।੧੨ । ਸਾਹੁ ਦਰਬਾਰ ਕਹਿਆ ਸ਼ਾਬ ਆਖੇ ਕਹੇ ਜੁਬਾਬ ਕੀ ਆਵੇ। ਅਰਜ਼ ਕੀਤੀ ਦਰਬਾਰ ਤੁਸਾਦੇ ਸੁਖਨ ਨ ਕੀਤਾ ਜਾਵੇ। ਰਾਸਤ ਜੁਬਾਨ ਨ ਹੋਵੇ ਕੋਈ ਝੂਠ ਇਮਾਨ ਜਲਾਵੇ

Digitized by Panjab Digital Library | www.panjabdigilib.org

ਹਾਸਮ ਕਰਨ ਲੁਕਾਉ ਬਦੇਰਾ ਪਰ ਹੋਣੀ ਕੌਣ ਮਿਟਾਵੇ ॥ ੧੩ ॥ ਓੜਕ ਰੰਫ ਉਤਾਰ ਨਜੂਮੀ ਬਾਤ ਕਹੀ ਮਨ ਭਾਨੀ। ਕਾਮਲ ਇਸ਼ਕ ਸਸੀ ਤਨ ਹੋਸੀ ਬਜਹੋਗੁ ਜੁਆਨ ਸਿਆਣੀ। ਮਸਤ ਬਿਹੋਸ਼ ਥਲਾਂ ਵਿਚ ਮਰਸੀ ਦਰਦ ਫਿਰਾਕ ਰੰਵਾਨੀ ਹਾਸ਼ਮ ਦਾਗ ਲਗਾ ਉਸਕੁਲ ਨੂੰ ਜਗ ਵਿਚ ਰੋਗ ਕਹਾਣੀ॥੧੪॥ ਸੁਨ ਦਲਗੀਰ ਹੋਇਆ ਦਿਲ-ਬਰੀਆਂ ਮਾਂ ਪਿਉ ਏਸ ਕਬੀਲਾ। ਆਤਸ ਚਮਕ ਉਠੀ ਹਰ ਦਿਲ ਨੂੰ ਜਿਉ ਕਰ ਤੇਲਫਤੀਲਾ। ਖੁਸ਼ੀ ਖਰਾਬ ਹੋਈ ਵਿਚ ਗਮ ਦੇ ਜ਼ਰਦ ਹੋਇਆ ਰੰਗ ਪੀਲਾ। ਹਾਸ਼ਮ ਬੈਠ ਦਨਾਇ ਸਿਆਨੇ ਹੋਰ ਵਿਚਾਰਨ ਹੀਲਾ ॥੧੫॥ ਬੇਉਮੈਦ ਹੋਇਆ ਹਥ ਧੋਤੇ ਬਾਪ ਉਮੈਦ ਉਲਾਦੋਂ। ਜ਼ਾਲਮ ਰੂਪ ਹੋਇਆ ਦਿਲ ਉਸਦਾ ਭਯਾ ਸਖਤ ਜਲਾਦੋਂ। ਨੰਗ ਨਮੂਜ਼ਮੇਰਾ ਕੀ ਹੋ ਵਸ ਏਸ ਪਲੀਤ ਉਲਾਦੋਂ। ਹਾਸ਼ਮ ਖਬਰ ਕਰੋ ਫੁਰਮਾਇਆ ਫਾਰਗ ਹੋ ਫਸਾਦੋ ॥੧੬॥ ਕਹਯਾ ਵਜੀਰ ਕੀ ਦੋਸ ਸਸੀ ਨੂੰ ਲਿਖਿਆ ਲਖ ਕਹਾਰੀ। ਬਤਕਸੀਰ ਕੁਹਾਵਨ ਬੇਟੀ ਨਾਸ ਹੋਵੇ ਕੁਲਸਾਰੀ। ਇਸ ਸੇ ਪਾਪ ਨੀ ਹੋਰ ਵਧੇਰੇ ਕੌਨ ਹੋਵੇ ਹਤਿਆ-ਰੀ। ਹਾਸ਼ਮ ਪਾਇਸੰਦੂਕ ਰੁੜ੍ਹਾਇਓ ਮੂਲੋਂ ਜਦਕਦ ਖੁਆਰੀ॥੧੭॥ ਫਰਸ਼ਜਮੀਨ ਤੇ ਹਰਇਕ ਤਾਂਈ ਮਾਂਪਿਉ ਬਹੁਤ ਪਿਆਰਾ। ਸੋ ਫਿਰ ਆਪ ਰੁੜ੍ਹਾਵਨ ਉਸਨੂੰ ਦੇਖ ਗੁਨਾਹ ਨਕਾਰਾ। ਧੰਨ ਓਹ ਸਾਹਿਬ ਸਿਰਜਨਹਾਰ ਐਬ ਛੁਪਾਵਨਹਾਰਾ। ਹਾਸ਼ਮਜੇਓਹਕਰੇ ਅਦਾਲਤ ਕੌਨਕਰੇਨਿਸਤਾਰਾ ॥ ੧੮ ॥ ਵਾਹ ਕਮਾਲ ਨਸੀਬ ਸਸੀ ਦੇ ਨਾਮ ਲਿਆਂ ਦਿਲ ਡਰਦਾ ॥ ਤਖਤੋਂ ਜਾ ਸੁਟੇ ਸੁਲਤਾਨਾ ਖੈਰ ਪਵੇ ਦਰ ਦਰਦਾ। ਬੈਲ ਗਰੀਬ ਨਾਕਾਬਲ ਜਾਂ ਚਾ ਜਿਮੀ ਸਿਰ ਧਰਦਾ ॥ ਹਾਸ਼ਮ ਜਾ ਨਾ ਬੋਲਨ ਵਾਲੀ ਜੋ ਚਾਹੇ ਸੋ ਕਰਦਾ ॥੧੯॥ ਜਿਸ ਉਸਤਾਦ ਸੰਦੂਕ ਸਸੀਦਾ ਘੜਿਆ ਨਾਲ ਕਹਿਰਦੇ। ਅਫਲਾਤੂ ਹੋਰ ਅਰਸਤੂ ਜਹੇ ਹੋਨ ਸ਼ਾਗਿਰਦ ਉਮਰਦੇ। ਜੀਨਤ ਜੇਬ ਸਿਖਨ ਕਸ ਉਸਥੀਂ ਦਿਲਬਰ ਚੀਨ ਮਿਸਰਦੇ ਹਾਸ਼ਮ ਦੇਖ ਉਸ ਸ਼ਖਾਸ਼ ਕਦੋਰ

Digitized by Panjab Digital Library | www.panjabdigilib.org

ਸਾਹਿਬ ਅਕਲ ਫਿਕਰਦੇ ॥੨੦॥ ਚੰਨਨ ਸਾਥ ਮੰਗਾ ਕਿਦਾਹੋਂ ਬੈਠ
ਕਾਰੀਗਰ ਘੜਿਆ ॥ ਬੂਟਾ ਵੇਲ ਸੁਨੈਹਰੀ ਕਰਕੇ ਲਾਲ ਜਵਾ-
ਹਰ ਜੜਿਆ॥ ਪਾ ਜੰਜੀਰ ਚਭੇਰ ਪਿੰਜਰ ਨੂੰ ਬੈਠ ਬੇਦਰਦਾਂ ਘੜਿਆ ॥
ਹਾਸ਼ਮ ਦੇਖਤਵਲਦਾ ਹੁੰਦੀ ਆਨ ਦੁਖਾ ਲੜ ਫੜਿਆ॥ ੨੧ ॥ ਕਰ
ਤਦਬੀਰ ਕੀਤੇ ਤਿੰਨ ਛਾਂਦੇ ਖਰਚ ਦਿਤਾ ਕਰਨਾਲੇ॥ ਤਿਸਦੀ ਮਿਲਕ
ਹੋਯਾ ਇਕ ਛਾਂਦਾ ਸ਼ੀਰ ਪਲਾਵਨਵਾਲੇ। ਦੂਜਾ ਦਾਜ ਦਹੇਜ ਸਸੀ ਨੂੰ
ਹੋਰ ਪੜ੍ਹਾਵਨ ਨਾਲੇ। ਹਾਸ਼ਮ ਲਿਖ ਤਵੀਜ਼ ਹਕੀਕਤ ਹਰਫ ਸਸੀ
ਗਲ ਡਾਲੇ॥ ੨੨ ॥ ਪਾ ਸੰਦੂਕ ਰੁੜਾ ਸਸੀ ਨੂੰ ਨੂਹ ਤੁਫਾਨ ਵਗੇਂਦਾ।
ਬਾਸ਼ਕ ਨਾਗਨਾ ਹਥਲਿਆਵਨ ਧੋਲ ਪਨਾਹ ਮੰਗੇ ਦਾ। ਪਾਰ ਉਰਾਰ
ਬਲਾਈਂ ਫਿਰਦੀਆਂ ਦੇਵਾਂਦਾ। ਬਹਿਲ ਰਹੇ ਦਾ ਹਾਸ਼ਮ ਦੇਖ ਨਸੀਬ
ਸਸੀ ਦਾ ਕੀ ਕੁਝ ਹੋਰ ਕਰੇਦਾ॥੨੩॥ ਟੁਰਿਆ ਤੋੜ ਜੰਜੀਰ ਸਿਦਕ
ਦਾ ਚਾਈਆ ਰਿਜਕ ਮੁਹਾਰਾਂ ॥ ਗਰਦਸ ਫਲਕ ਹੋਯਾ ਸਰਗਰਦਾ
ਬਾਝ ਮਲਾਹ ਕਹਾਰਾਂ। ਸੂਰਜ ਤੇਜ ਹੋਯਾ ਜਲ ਖੂਨੀ ਲੈਨ ਲਗਾ
ਚਮਕਾਰਾਂ। ਹਾਸ਼ਮ ਦੇਖ ਸਸੀ ਵਿਚ ਘੇਰੀ ਦੁਸ਼ਮਨ ਲਾਖ ਹਜਾਰਾ
॥੨੪॥ ਆਦਮ ਖੋਰ ਜਨਾਵਰ ਜਲਦੇ ਰਾਕਸ਼ ਰੂਪ ਸਰਾਈ। ਮਗਰ
ਮਛ ਕਛੂ ਜਲ ਹੋੜੇ ਨਾਂਗ ਸੰਸਾਰ ਬਲਾਈਂ। ਤੇਂਦੂਏ ਕਹਿਰ ਜੰਬਰਵਾਲੇ
ਲਾ ਨ ਜੋਰ ਤਾਂਈ। ਹਾਸ਼ਮ ਮਰਗ ਸਸੀ ਵਿਚ ਬਲਦੇ ਮਰਸਕੋਨ
ਇਥਾਈਂ ॥ ੨੫ ॥ ਘੁਮਨ ਘੇਰ ਚੁਫੇਰ ਕਰ ਠਾਠਾ ਲੈਨ ਕਲਾਵੇ।
ਲਹਿਰਾਂ ਜੋਰ ਕਰਨ ਹਰ ਤਰਫੋਂ ਇਕ ਆਵੇ ਇਕ ਜਾਵੇ। ਸੂਰਤ
ਸਮਸ ਸੰਦੂਕ ਜੜਾਉ ਬਿਜਲੀ ਚਮਕ ਡਰਾਵੇ। ਹਾਸ਼ਮ ਰਾਹ ਜਿਵੇਂ
ਕਿਨਆਨੀ ਵੇਖ ਸੰਦੂਕ ਛਪਾਵੇ॥ ੨੬ ॥ ਸ਼ਹਿਰੋਂ ਬਾਹਰ ਕੁਪੰਤਨ
ਧੋਬੀ ਧੋਂਦਾ ਨਦੀ ਕਿਨਾਰੇ। ਅਤਾ ਨਾਸ ਮਿਸਾਲ ਫਿਰਸਤਾ ਬਜੂ
ਰਗ ਭੀਨੇ ਕਸਤਾਰੇ। ਡਿਠਾ ਓਸ ਸੰਦੂਕ ਦੁਰਾਡਾ ਦਿਲ ਵਿਚ ਖੋਫਤਾਰੇ।
ਹਾਸ਼ਮ ਗਇ ਓਸ ਹੋਸ਼ ਦਿਮਾਗੋਂ ਦੇਖ ਸੰਦੂਕ ਸਤਾਰੇ ॥ ੨੭॥ ਕਰੇ
ਖਯਾਲ ਜ਼ਹਾਵਰ ਖਾਣਾ ਯਾ ਪਈ ਆਨ ਤਬਾਹੀ। ਯਾ ਕੋਈ ਆਫਤ

Digitized by Panjab Digital Library | www.panjabdigilib.org

ਰੜੀ ਪਹਾੜੋਂ ਧਾ ਇਸਰਾਰ ਇਲਾਈ। ਵਖਤ ਬੇ ਦਾਰ ਹੋਯਾ ਤਦ ਉਸਦਾ ਦਿਤੀ ਲੇਖ ਗਵਾਹੀ ਹਾਸ਼ਮ ਜਾਪਿਆ ਜਲ ਡੂੰਘੇ ਹੋ ਦਿਲਸ਼ਰ ਸਿਪਾਹੀ।੨੯।ਅਤੇ ਖੂਬ ਕੀਤੀ ਜਿੰਦ ਬਾਜੀ ਲਿਆ ਸੰਦੂਕ ਕਿਨਾਰੇ ਬਹੁਤ ਹੋਯਾ ਦਿਲ ਸ਼ਾਦਖੁਦਾ ਵਲ ਨਿਆਮਤ ਸ਼ੁਕਰ ਗੁਜਾਰੇ। ਵੜਿਆ ਸ਼ਹਿਰ ਮੁਬਾਰਕ ਦੇਵਨ ਰਲ ਮਿਲ ਯਾਰ ਪਿਆਰੇ ਹਾਸ਼ਮ ਮਾਲ ਲਿਆ ਹੋਰ ਦੂਜਾ ਹੋਯਾ ਸਵਾਬ ਵਿਚਾਰੇ ॥ ੨੯ ॥ ਖੁਲੇ ਆਨ ਨਸੀਬ ਅਤੇ ਦੇ ਕਰਮ ਭਲੇ ਦਿਨ ਆਏ ਜਰਤ ਮੁਹਲਤ ਕਰਕੇ ਸ਼ੌਕਤ ਸਾਨ ਬਨਾਏ। ਖਿਦਮਤ ਗਾਰ ਗੁਲਾਮ ਸਸੀ ਦੇ ਨੌਕਰ ਚਾ ਰਖਾਏ। ਹਾਸਮ ਬਾਗ ਸੁਕੇ ਰਬ ਚਾਹੇ ਪਲ ਵਿਚ ਹਰੇ ਕਰਾਏ ॥ ੩੦। ਸਸੀ ਹੋਈ ਜਵਾਨ ਸਿਆਣੀ ਸੂਰਤ ਖੂਬ ਸਫਾਈ। ਸਾਹਿਬ ਇਲਮ ਧਾ ਹਲੀਮੀ ਅਕਲ ਹੁਨਰ ਚਤੁਰਾਈ। ਮਾਂ ਪਿਉ ਦੇਖ ਕਾਰੀਗਰ ਕੋਈ ਚਾਹਣ ਕੀਤੀ ਕੁੜਮਾਈ। ਹਾਸਮ ਸੁਨੀ ਸਸੀ ਮਸਲਹਤ ਹੈਰਤ ਹੋਈ ਸਵਾਈ ॥੩੧॥ ਬਣ ਤਣ ਪੈਂਚ ਪੰਚਾਇਤ ਧੋਬੀ ਪਾਸ ਅਤੇ ਦੇ ਆਵਨ। ਕਰਤਮਸੀਲ ਵਿਹਾਰ ਜਗਤ ਦਾ ਬਾਤ ਹਮੇਸ ਚਲਾਵਨ। ਧੀਆਂ ਸੋਹਣ ਨਾ ਘਰ ਮਾਪਿਆਂ ਜੇ ਲਖ ਰਾਜ ਕਮਾਵਨ। ਹਾਸਮ ਵਾਗ ਬੁਜਰਾਤ ਧੋਬੀ ਬਾਤ ਸਸੀ ਵਲ ਲਾਵਨ ॥ ੩੨ ॥ ਪਿਓ ਸਸੀ ਦਾ ਕੋਲ ਸਸੀ ਦੇ ਇਕ ਦਿਨ ਏਹ ਗਲ ਛੇੜੇ।ਆਖ ਬਚੀ ਤੂੰ ਬਾਲਕ ਹੋਈਓ ਵਾਗ ਤੇਰੀ ਹਥ ਤੇਰੇ ਧੋਬੀ ਜਾਤ ਉਚ ਘਰ ਆਵਨ ਫਿਰ ਫਿਰ ਜਾਨ ਬਤੇਰੇ। ਹਾਸ਼ਮ ਕੌਨ ਤੇਰੇ ਮਨ ਭਾਵੇ ਆਖ ਸੁਨਾ ਸਵੇਰੇ।੩੩। ਸਸੀ ਮੂਲ ਜਵਾਬ ਨ ਕੀਤਾ ਮਾਂ ਪਿਉ ਤੋਂ ਸਰਮਾਂਦੀ। ਦਿਲ ਵਿਚ ਫਿਰ ਲਗੀ ਓਹ ਸੋਚਨ ਲੇਖ ਲਿਖੀ ਕਰਮਾਂ ਦੀ ਢੂੰਡਨ ਸਾਓ ਜੇਹੜੇ ਆਏ ਮੈਂ ਬੇਟੀ ਬਾਦ ਸਾਹਦੀ ਹਾਸਮ ਫਿਰ ਓਹ ਨਾਮ ਨ ਲੇਵਨ ਵੇਖ ਸਸੀ ਦਰਮਾਂ ਦੀ।੩੪।

(ਧੋਬੀਆਂ ਦੀ ਬਾਦਸ਼ਾਹ ਅਗੇ ਫਰਯਾਦ ਕਰਨੀ)

ਪਿਰਕਤ ਨਾਲ ਸ਼ਰੀਕ ਅਤੇ ਦਾ ਬੜਾ ਬਖੀਲ ਫਸਾਦੀ ਪਾਸ ਭੰਬੋਰ

Digitized by Panjab Digital Library | www.panjabdigilib.org

 169714

ਸ਼ਹਿਰ ਦੇ ਵਾਲੀ ਜਾ ਹੋਏ ਫਰਯਾਦੀ। ਹੋਈ ਜਵਾਨ ਅਤੇ ਘ੍ਰਬੇਟੀ ਸੂਰਤ ਸ਼ਕਲ ਸ਼ਹਜਾਦੀ । ਹਾਸ਼ਮ ਕਹਿਆ ਪੁਕਾਰ ਬਖੀਲਾ ਲਾਇਕ ਓਹ ਤੁਸਾਡੀ ।। ੩੪ ॥ ਭੇਜਿਆ ਨਫਰ ਗੁਲਾਮ ਅਤੇ ਨੂੰ ਆਦਮ ਜਾਮ ਬੁਲਾਯਾ । ਸਸੀ ਖੋਲ ਤਾਵੀਜ਼ ਗਲੇ ਦਾ ਸ਼ਾਹ ਹਜੂਰ ਪਚਾਯਾ ਕਾਗਜ ਵਾਚ ਪੁਛਾਤਾ ਸ਼ਾਹ ਨੇ ਜੋ ਸੰਦੂਕ ਰੜਾਯਾ ਹਾਸ਼ਮ ਵੇਖ ਹੋਯਾ ਸਰਮਿੰਦਾ ਆਦਮ ਜਾਮ ਸਵਾਯਾ ॥ ੩੫। ਲੋਹੂ ਗਰਮ ਹੋਯਾ ਦਿਲਬਰੀਆਂ ਫੇਰ ਉਲਾਦਪਿਆਰੀ ਮਾਪਿਓਨਾਲ ਸਸੀ ਦੇ ਚਾਹਨ ਕੀ ਕੀ ਬਾਤ ਇਕ ਵਾਰੀ ਸਸੀ ਸਾਫ ਜਵਾਬ ਦਿਤੋ ਨੇ ਖੋਲ੍ਹ ਹਕੀਕਤ ਸਾਰੀ । ਹਾਸਮ ਮਿਲਨ ਹਰਾਮ ਤਸਾਨੂੰ ਰੋੜ ਦਿਤੀ ਇਕ ਵਾਰੀ। ੩੬ ॥ ਮਾਂ ਫਿਰਾਕ ਸਸੀ ਦੇ ਮਾਰੇ ਨੀਂਦ ਅਰਾਮ ਨਾ ਆਵੇ। ਹਰਸਮ ਵਾਂਗ ਯਕੂਬ ਪੈਗੰਬਰ ਰੋ ਰੋ ਹਾਲ ਵੰਜਾਵੇ ਕਰੇ ਸਵਾਲ ਲੋੜੇ ਘਰਖੁੜਿਆ ਰੋਜ ਸਸੀ ਵਲ ਆਵੇ ਹਾਸ਼ਮ ਯਾਦ ਸੰਦੂਕ ਸਸੀ ਨੂੰ ਖਾਤਰ ਮੂਲ ਨਾ ਲਿਆਵੇ।੩੭ ਜਬ ਬਲ ਮਸ਼ਰਕ ਮਗਰ ਬਾਹਰ ਸ਼ੈ ਜਿਸਦਾ ਨਾਮ ਧਿਆਵੇ । ਸਾਹਿਬ ਕੁਦਰਤ ਅਪਰ ਅਪਾਰ ਕਿਸਨੂੰ ਆਖ ਸੁਨਾਵੈ । ਅੰਤਨਾ ਪਾਰਾਵਾਰ ਹੈ ਤਿਸਦਾ ਕਿਆ ਕੁਝ ਹੋਰ ਸਮਾਵੇ ਹਾਸਮ ਫੇਰ ਸਸੀ ਨੂੰ ਮਿਲਸਾ ਖਾਤਰ ਮੂਲ ਨਾ ਲਿਆਵੇ॥੩੮।ਸਹਿਰ ਭੰਬੋਰ ਸੌਦਾਗ ਰਜ਼ਾਦਾ ਗਜੀਨੀਨਾਮ ਸਦਾਵੇ ਸਾਹਿਬ ਸੌਕਇਮਾਰਤ ਤਾਜੋ ਬਾਗ ਹਮੇਸ ਬਨਾਵੇ ਤਿਸਵਿਚ ਹਰ ਬਾਦਸਾਹ ਮੁਲਕਦੀ ਕਰ ਤਸਵੀਰ ਲਗਾਵੇ ਹਾਸਮ ਹਰ ਇਕ ਆਂਪ ਮੁਸੱਵਰ ਜਬਰਾਈਲ ਕਹਾਵੇ ।। ੩੯ । ਸਸੀ ਸੁਣੇ ਤਾਰੀਫ ਹਮੇਸਾਲਾਇਕ ਮਸੁਕ ਖੁਤਨਦੀ । ਇਕ ਦਿਨ ਨਾਲ ਸਯਾਂ ਉਠ ਦੌੜੀ ਖਾਤਰ ਸੈਰ ਚਮਨਦੀ । ਦਿਖਿਆਂ ਨਕਸ ਨਗਾਰ ਖਲੋਤਾ ਸੂਰਤ ਸੀਨ ਬਦਨਦੀ। ਹਾਸਮ ਵੇਖ ਹੋਈ ਦਿਲ ਘਾਇਲ ਵਾਂਗੂ ਕੋਹ ਸਕਨ ਦੀ। ੪੦॥

Digitized by Panjab Digital Library | www.panjabdigilib.org

( ਸਸੀ ਦਾ ਨਕਾਸ਼ ਨੂੰ ਬੁਲਾਕੇ ਪਤਾ ਪੁਛਨਾ )

ਸਸੀ ਕਹਿਆ ਬੁਲਾ ਮੁਸੱਵਰ ਸ਼ਾਬਸ਼ ਵੀਰ ਭਰਾਓ। ਜਿਸ ਸੂਰਤ ਦੀ ਮੂਰਤ ਕੀਤੀ ਮੈਨੂੰ ਆਖ ਸੁਨਾਓ। ਕੇਹੜਾ ਸ਼ਹਿਰ ਕੌਨ ਸ਼ਾਹਜ਼ਾਦਾ ਠੀਕ ਪਤਾ ਦਸ ਜਾਓ। ਹਾਸ਼ਮ ਫੇਰ ਸਸੀ ਹਥ ਜੋੜੇ ਥਾਂ ਮਕਾਨ ਬਤਾਓ ॥੪੧॥ ਕੀਚਮ ਸ਼ਹਿਰ ਵਲਾਇਤ ਬਲਦੀ ਹੋਤ ਅਲੀ ਤਿਸ ਵਾਲੀ।ਜਿਸ ਦਾ ਪੁਤ ਪੁਨੂੰ ਸ਼ਾਹਜ਼ਾਦਾ ਐਬ ਸਵਾਬੋ ਖਾਲੀ। ਸੂਰਤ ਓਸ ਹਿਸਾਬੋਂ ਬਾਹਿਰ ਸਿਫਤ ਖਦਾਵੰਦ ਵਾਲੀ। ਹਾਸ਼ਮ ਅਰਜ ਕੀਤੀ ਉਸਤਾਦਾਂ ਵਿੰਨਗ ਕਖਾਂ ਵਿਚ ਡਾਲੀ ॥ ੪੨ ॥ ਹੋ ਦਿਲ ਘਾਇਲ ਨਾਲ ਸਧਾਂ ਦੇ ਫੇਰ ਸਸੀ ਘਰ ਆਈ। ਨੀਂਦ ਭੁਖ ਜੁਲੈਖਾਂ ਵਾਂਗੂ ਪਹਿਲੇ ਰੋਜ ਵੰਜਾਈ।ਦੇਖ ਅਹਿਵਾਲ ਹੋਈ ਦਿਲਗੀਰ ਪੁਛਿਆ ਉਸਨੂੰ ਮਾਈ। ਹਾਸ਼ਮ ਬਾਝ ਕਠੀ ਲਤਵਾਰੋਂ ਜਾਲਮ ਇਸ਼ਕ ਕਸਾਈ ॥੪੩॥ ਦਿਲ ਵਿਚ ਸ਼ੌਕ ਫਿਰਾਕ ਪੁਨੂੰ ਦਾ ਰੋਜ ਅਲੰਬਾ ਬਾਲੇ। ਬਿਰਹੋ ਮੂਲ ਅਰਾਮ ਨਾ ਦੇਂਦਾ ਵਾਂਗ ਰਿਖਾ ਨਿਤ ਜਾਲੇ ਆਤਸ਼ ਆਪ ਆਪੇ ਸੋਵਨ ਜਦ ਪੀਤੇ ਪ੍ਰੇਮ ਪਿਆਲੇ ॥ ੪੪ ॥

( ਸਸੀ ਦਾ ਬਾਪ ਪਾਸੋਂ ਘਾਟ ਲੈਕੇ ਚੌਂਕੀ ਦਾਰ ਬਠਾਨਾ )

ਦਿਲ ਡਾਢੇ ਸਸੀ ਕਰ ਦਾਨਸ਼ ਇਕ ਤਦਬੀਰ ਬਨਾਈ। ਪਤਨ ਘਾਟ ਲਏ ਸਭ ਪਿਓ ਥੀ ਚੌਂਕੀ ਚਾ ਬਹਾਈ।ਪਾਂਧੀ ਰਾਹ ਮੁਸਾਫਰ ਕੋਈ ਆਵੇ ਏਸ ਨਵਾਈ।ਹਾਸ਼ਮ ਪਾਰ ਉਰਾਰ ਨਾ ਜਾਵੇ ਮੈਂ ਬਿਨ ਖਬਰ ਪੁਚਾਈ। ੪੫ ॥ ਬਰਸ ਹੋਯਾ ਜਦ ਫੇਰ ਸਸੀ ਨੂੰ ਮੇਹਨਤ ਜੋਹਦ ਉਠਾਏ। ਕੀਚ ਵਲੋਂ ਰਲ ਮਾਲ ਵਿਹਾਜਨ ਉਠ ਸੌਦਾਗਰ ਆਏ।ਸੂਰਤ ਨਾ ਜਨਾਯਜ ਬਲੋਚਾਂ ਵੇਖ ਪਰੀ ਭੁਲ ਜਾਏ। ਹਾਸ਼ਮ ਵੇਖ ਬਲੋਚ ਜੁਲੈਖਾਂ ਯੂਸਫ ਚਾ ਭੁਲਾਏ ॥ ੪੬ ॥

( ਨੌਕਰ ਨੇ ਸਸੀ ਨੂੰ ਖਬਰ ਦੇਣੀ )

ਕਹਿਆ ਆਨ ਗੁਲਾਮ ਸਸੀ ਨੂੰ ਨਾਲ ਜਬਾਨ ਪਿਆਰੀ। ਘਾਟਉਤੇ ਇਕ ਰਾਹਮੁਸਾਫਰ ਉਤਰੇ ਆਨ ਵਪਾਰੀ। ਕੀਚ ਵਲੋਂ ਰਲ ਆਖਨ ਆਏ ਉਨ ਬੇਅੰਤ ਸ਼ੁਮਾਰੀ। ਹਾਸ਼ਮ ਤੌਰ ਲਿਬਾਸ ਭਰਾਵਾਂ ਹਰ ਹਰ

Digitized by Panjab Digital Library | www.panjabdigilib.org

ਚਾਲ ਨਿਆਰੀ। ੪੭। ਸਸੀ ਸਖਤ ਗਮੀ ਵਿਚ ਦਰਦ ਫਿਰ
ਰੰਵਾਨੇ। ਨਾ ਕੁਝ ਸੁਰਤ ਅਵਾਜ ਨਾ ਦੇਂਦੀ ਨਾ ਕੁਝ ਹੋਸ਼ ਟਿਕਾਨੇ
ਰੂਹ ਰੂਹਾਂ ਵਿਚ ਫਿਰੇ ਸਸੀ ਦਾ ਮਲਕਉਲ ਮੌਤ ਨਸ਼ਾਨੀ। ਹਾ
ਮੇਲ ਬਲੋਚ ਸਸੀ ਨੂੰ ਫੇਰ ਦਿਤੀ ਜਿੰਦਗਾਨੀ ॥ ੪੮ ॥

(ਸਸੀ ਦਾ ਸੁਰਤ ਵਿਚ ਆਉਨਾ)

ਸੁਨੀ ਅਵਾਜ ਸਸੀ ਉਠ ਬੈਠੀ ਸੁਰਤ ਸਰੀਰ ਸੰਭਾਲੀ। ਮਿ
ਅਨਾਰ ਹੋਏ ਰਖ ਸਾਰੇ ਫੇਰ ਫਿਰੀ ਲਬ ਲਾਲੀ। ਹਾਰ ਸ਼ਿੰ
ਲਗੇਮਨਭਾਵਨ ਖੂਬ ਹੋਈ ਖੁਸ਼ਹਾਲੀ।ਹਾਸ਼ਮ ਆਖ ਤਰੀਫ ਬਣੇ
ਆਬਹਯਾਤ ਪਿਆਲੀ॥ ੪੯ ॥ ਸ਼ਹਿਰ ਉਤਾਰ ਬਲੋਚ ਸਸੀ
ਖਿਦਮਤ ਖੂਬ ਕਰਾਈ।ਹਾਲ ਹਕੀਕਤ ਪੁਨੂੰ ਵਾਲੀ ਪਾਸ ਬ
ਪੁਛਾਈ। ਖਾਤਰ ਵੇਖ ਕਹਿਓ ਨੇ ਸਾਡਾ ਹੋਤ ਪੁਨੂੰ ਹੈ ਭਾਈ ਹ
ਬਲੋਚਾਂ ਸ਼ਾਮਤ ਆਨ ਦਖਾਈ ॥ ੫੦ ॥ ਸਸੀ ਸਮਝ
ਪੁਨੂੰ ਦੇ ਕੈਦ ਬਲੋਚ ਕਰਾਏ। ਹੁਨ ਖਾਲਸ ਜਾਨ ਮੁਹਾਲ ਹੋਏ
ਹੋਤ ਪਨੂੰ ਕਿਨ ਆਏ। ਬੋਲ ਪਿਛੇ ਪਛਤਾਵਨ ਸ਼ਾਮਤ ਆਨ ਫ
ਹਾਸ਼ਮ ਬਾਝ ਵਕੀਲੋ ਕਾਮਲ ਫਸਿਆ ਕੌਣ ਛਡਾਏ ॥ ੫੧ ॥
ਸਰਤਾਨ ਆਹੇ ਕਰਵਾਨੀ ਹਫਤ ਹਜਾਰ ਸ਼ਤਰ ਦੇ। ਬਬਨ
ਬਬੀਆ ਦੇਵੇ ਬੈਠ ਅੰਦੇਸਾ ਕਰਦੇ। ਪੁਨੂੰ ਬਾਝ ਨਹੀਂ ਛੁਟਕ
ਜੋ ਹੌਜ ਦੇਈਏ ਭਰ ਜਰ ਦੇ। ਹਾਸ਼ਮ ਜੋਰ ਕੇਹਾ ਪਰ ਮੁਲਕੀ
ਹੋਏ ਵਿਚ ਘਰਦੇ ਪਰ ਉਡਨ ਖਟੋਲਾ ਨਾਮ ਘੋੜੇ ਦਾ ਨਾਲ ਕੀ
ਹਮਰਾਹੀ। ਜਿਉ ਜਿਉ ਬਹੁਤ ਪਵੇ ਵਿਚ ਮੰਜਲ ਤਿਉ ਤਿ
ਚਾਲ ਸਵਾਈ। ਹੋਲਾਚਾਰ ਚਲੇ ਕਰਵਾਨੇ ਕੀ ਕੀ ਬੰਨ ਬਨਆ
ਹਾਸ਼ਮ ਓਹ ਪੁਨੂੰ ਪਰ ਆਸ਼ਕ ਆਹਾ ਸ਼ੌਕ ਇਲਾਹੀ ॥੫੨ ਕੀ
ਸ਼ਹਿਰ ਗਏ ਕਰਵਾਨੇ ਹੋਤ ਅਲੀ ਦਰਬਾਰੇ ਰੋਵਨ ਕੂਕ ਸੁਨੇ
ਹਾਲਤ ਜਾ ਬਲੋਚ ਪੁਕਾਰੇ। ਸ਼ਹਿਰ ਭੰਬੋਰ ਬਲੋਚ ਸਸੀ ਨੇ
ਕੀਤੇ ਵਲ ਸਾਰੇ ਹਾਸ਼ਮ ਬਾਝ ਪੁਨੂੰ ਨਹੀਂ ਛੁਟਦੇ ਕੋਈ ਰਹਿਨ

Digitized by Panjab Digital Library | www.panjabdigilib.org

ਰੇ।੫੪॥ ਹੋਤ ਅਲੀ ਹੁਣ ਹਾਲ ਸਸੀ ਦਾ ਪੁਛਿਆ ਬੈਠ ਦੀਵਾਨਾ।
ਕੁਝ ਪੇਸ ਹਕੂਮਤ ਜਾਏ ਨਾਂ ਕੁਝ ਕਾਰ ਖਜਾਨਾ ਪੁਛਨ ਹਾਲ
ਹਾਲ ਹੇ ਧੋਨੇ ਮੁਲਕ ਬਦੇਸ ਬਗਾਨਾ ਹਾਸਮ ਕੌਨ ਸਾਹਿਜਾਂਦਿਆਂ ਟੇਰੇ
ਖ ਪਿਛੇ ਕਰਵਾਨਾ ॥੫੫।ਬਹਤ ਬੇਜਾਰ ਹੋਈ ਗਲ ਸੁਣਕੇ ਹੋਤ
ੂ ਦੀ ਮਾਈ।ਕੌਣ ਕੋਈ ਤਨ ਲਾ ਬੁਝਾਵੇ ਆਤਸ ਚਾ ਪਰਾਈ।ਕੌਨ
ਨੇਚ ਪੁਨੂੰ ਦੇ ਸਿਰ ਤੋਂ ਵਾਰ ਸੁਟਾਂ ਬਾਦਸਾਹੀ।ਹਾਸਮ ਬਾਜ ਪੁਨੂੰ ਵਿਚ
ੀਆਂ ਹੋਰ ਮੁਰਾਦ ਕਾਈ।੫੬। ਸਾਫ ਜਵਾਬ ਮਿਲਿਆ ਕਰਵਾਨਾ
ਤ ਪੁਨੂੰ ਵਲ ਆਏ ਸੂਰਤ ਨਕਸ ਗਾਹ ਸਸੀ ਦੇ ਕਰ ਤਾਰੀਫ ਸੁਨਾਏ
ਇਲ ਅੰਦਰ ਇਸਕ ਤੁਸਾਡੇ ਹਰ ਦਮ ਨੀ ਦਨ ਆਏ। ਹਾਸਮ
ਤਰ ਮਿਲਨ ਤੁਹਾਡੀ ਕੈਦ ਸੁਦਾਗਰ ਪਾਏ।੫੭। ਸੁਣ ਤਾਰੀਫ
ਾ ਦਿਲ ਬਿਰੀਆਂ ਵਗੀ ਵਾਂ ਹਰਮ ਦੀ ਕੌਣ ਕਈ ਦਿਲ ਰਹਿਸ
ਨਾਣੇ ਵਹਿਸ਼ਤ ਤੇਗ ਅਲਮ ਦੀ ਸ਼ਹਿਰ ਭੰਬੋਰ ਪੁਨੂੰ ਦਿਲ ਵਸਿਆ
ਸਰੀ ਸੂਰਤ ਕੀ ਚਮਦੀ।ਹਾਸਮ ਵਾਲੀ ਗੀਉਠ ਰਮਕੀ ਆਤਸ ਜਰਮ
ਰਮਦੀ ॥੫੮॥ ਸੁਤ੍ਰ ਸਵਾਰ ਪੁਨੂੰ ਉਠ ਟੁਰਿਆ ਪੇਮ ਜੜੀ ਸਿਰ
ਾਈ।ਰਾਤ ਗੁਬਾਰ ਲਿਆ ਪੁਨੂੰ ਨੂੰ ਚੋਰ ਰਲ ਕਰ ਧਾਈ ਪਲਕ ਆਰਾਮ
ਾ ਵਾਗ ਬੇਸਬਰਾਂ ਰਿਜਕ ਨਹਾਂਰ ਉਠਾਈ ਹਾਸਮ ਵੇਖ ਨਸੀਬ
ਲੋਚਾਂ ਭੀ ਧਈ ਬੁਰਿਆਈ ॥ ੫੯। ਰਾਤ ਦਿਨੇ ਰਣ ਰਾਹ
ਲ ਓਨੇ ਪਲਕ ਨਾ ਬੀਵਨ ਮਾਂਦੇ। ਸਖਤ ਮਿਜਾਜ ਬਲੋਚਾਂ ਵਾਲੀ
ੁਰੇ ਨਸੀਬ ਜਿਵਾ ਦੇ। ਯੂਸਫ ਬਨੇ ਮਿਸਰ ਕਰਵਾਨ ਦੇਖ ਦਰ
ਾਰ ਲੈ ਜਾਂਦੇ ਹਾਸਮ ਦੇਖ ਸਾਹਾਂ ਦੁਖ ਪੈਂਦੇ ਸਖਤ ਜੰਜੀਰ ਦਿਲਾਂ
ੇ।੬੦॥ ਸਹਿਰ ਭੰਬੋਰ ਪੁਨੂ ਦੀ ਨਜਰੀ ਆਯਾ ਵਕਤ ਸਵੇਰੇ
ਾਲ ਪਿਆਰ ਕੀਤੋ ਨੇ ਖੜਿਆ ਚਿਤ ਚਾਲਾਕ ਵਧੇਰੇ। ਨਾਲ
ਹੰਕਾਰਤ ਦਾਗ ਸਸੀ ਦੇ ਆਨ ਕੀਤਿਓ ਡੇਰੇ। ਹਾਸਮ ਛੋਡ ਦਿਤੇ
ਵਚ ਸੁਤਰਾਂ ਚਰਨ ਇਰਾਕ ਚੁਫੇਰੇ ॥ ੬੧ ॥ ਬਹੁਤ ਅਜਾਇਬ
ੂ ਖਲੋਤੇ ਬਾਗ ਚੁਫੇਰ ਦੀਵਾਰਾਂ। ਫਰਸ ਜਮੀਨ ਜਮੁਰਦ ਆਹਾ

Digitized by Panjab Digital Library | www.panjabdigilib.org

ਸਾਬਤਨਕਬ ਨਗਾਰਾਂ। ਨਹਿਰਾ ਹੌਜ਼ ਨੂਰਾਨੀ ਚਲਸਨ ਹਰ
ਚੌਂਕ ਬਹਾਰਾਂ। ਹਾਸ਼ਮ ਚਿਤਰੇ ਸ਼ੇਰ ਜਨਾਵਰ ਮੋਰ ਚਕੋਰ ਹਜ
। ੬੨। ਘਾਇਲ ਇਸ ਖੜੇ ਗੁਲਲਾਲਾ ਨਾਲ ਲਹੂ ਮੁਖ ਧੋ
ਸੇਬ ਅੰਗੂਰ ਰਹੇ ਰਸ ਨਾਲੇ ਚੁਜ ਨਾ ਲਾਵਨ ਤੋਤੇ। ਕੁਮਰੀ
ਕਰੇ ਫਰਯਾਦਾ ਸਹੁ ਅਜ਼ਾਦ ਖਲੋਤੇ। ਹਾਸ਼ਮ ਵੇਖ ਬਹਾਰ ਚ
ਦੀ ਰੂਹ ਰਹੇ ਵਿਚ ਗੋਤੇ ॥ ੬੩ ॥ ਕੁਝ ਬਗਦਾਦੀ ਬਲਖੀ
ਤਤ ਕੁਝ ਬਖਤੀ ਕਿਨਆਨੀ। ਦੋਜਕ ਪਸਤ ਨਾ ਗਰਦਨ
ਅਜਰਾਈਲ ਨਸਾਨੀ। ਚਾਰਨ ਬਾਗ ਤੁੜਾਵਨ ਸਾਖਾਂ ਕਰਨ ਬ
ਹੈਵਾਨੀ।ਹਾਸਮ ਮਾਲ ਗੁਮਾਨ ਪ੍ਰਨੂ ਦੇ ਦੇਹ ਚੜੇ ਕਰਵਾਨੀ। ੬
ਜਾ ਕੂਕੇ ਦਰਬਾਰ ਸਸੀ ਦੇ ਸੋਰ ਕੀਤਾ ਬਾਗਵਾਨਾ। ਬਾਗ ਵੇ
ਹੋਇਆ ਕਲ ਸਾਰਾ ਚਾਰ ਲਿਆ ਕਰਵਾਨਾ। ਨਾ ਓਹ
ਖੁਦਾ ਦਿਉਂ ਡਰਦੇ ਖਾਵਨ ਮਾਲ ਬਗਾਨਾ। ਹਾਸ਼ਮ ਸ਼ਹਿਰ
ਬੇਰਾ ਜਾ ਖੌਫ ਨਹੀਂ ਸੁਲਤਾਨਾ ॥ ੬੫ ॥ ਸੁਨ ਫਰਿਆਦ
ਵਿਚ ਦਿਲਦੇ ਅਕਲ ਖਿਆਲ ਚਿਤਾਰੇ।ਕੌਣ ਕਮੀਨ ਐਡ ਦ
ਕਰਨ ਬਲੋਚਵਿਚਾਰੇ।ਸਾਇਦ ਹੋਤ ਪੁਨੂ ਵਿਚ ਹੋਸੀ ਤਾਈਏ ਕ
ਪਸਾਰੇ ਹਾਸਮ ਚਾਵਨ ਐਦ ਫਜੂਲੀ ਕੌਨ ਗਰੀਬ ਨਕਾਰੇ। ੬੬
ਸਸੀ ਨਾਲ ਸਯਾਕਰ ਮਸਲਤ ਬਾਗ ਵਨੇ ਚਲ ਆਈ। ਹਰ
ਦੇ ਹਥ ਸਾਖ ਚਨਾਰੀ ਤੇਗ ਨਿਸਾਲ ਸਫਾਈ। ਉਨਰ ਅਦਾ
ਮਾਨ ਹੁਸਨ ਦਾ ਜਾ ਪਈਆਂ ਕਰ ਧਾਈ। ਹਾਸਮ ਮਾਰ ਪ
ਕਰਵਾਨਾ ਦੇਨ ਬਲੋਚ ਦਹ ਈ ॥ ੬੭ ॥ਰਹੇਤਿਆਰ ਹਮੇਸ ਚ
ਵਿਚ ਸੇਜ ਸਸੀ ਦੀ ਆਈ। ਖਿਰਨ ਪਲੰਘ ਰਵੇਲ ਚੰਬੇ
ਮਾਲਨ ਗੁਦ ਵਛਾਈ। ਤਿਸ ਖੋਰ ਹੋਤ ਪੁਨੂ ਵਿਚ ਨੀਂਦਰ ਅ
ਛੇਜ ਸੁਹਾਈ। ਹਾਸ਼ਮ ਆਸ ਮੁਰਾਦ ਸਸੀ ਦੀ ਸਿਦਕ ਪਿਛੇ
ਆਈ। ੬੮ ॥ ਸਸੀ ਆਨ ਡਿਠਾ ਵਿਚ ਨੀਂਦਰ ਹੋਤ ਬੇਹੋਸ਼
ਖਾਬੋਂ। ਸੂਰਜ ਵਾਂਗ ਸੂਆ ਹੁਸਨ ਦਾ ਬਾਹਿਰ ਪੌਸ਼ੂ ਨਕਾਬੋ।

Digitized by Panjab Digital Library | www.panjabdigilib.org

ਪਾ ਸੰਦੂਕ ਛਪਾਈਏ ਆਵੇ ਮੁਸ਼ਕ ਗੁਲਾਬੋ । ਹਾਸ਼ਮ ਹੁਸਨ ਤ ਨ ਛਪਦੀ ਤਾਰਕ ਹੋਨ ਹਜਾਬੋ ॥ ੬੯ ।ਸੁਨ ਫਰਯਾਦਬਲੋਚਾਂ ਲੀ ਤਾਂ ਸੁਧ ਹੋਸ਼ ਸੰਭਾਲੀ । ਵੇਖ ਹਰਾਨ ਹੋਯਾ ਸ਼ਾਹਜਾਦਾ ਫੌਜ ਹਬੂਬਾਂ ਵਾਲੀ । ਰੌਸ਼ਨ ਸਮਾ ਜਲਾਲ ਸਸੀ ਦਾ ਚਮਕ ਪਵੇ ਭੜਾਲੀ । ਹਾਸਮ ਬਾਗ ਪਿਆ ਗੁਲ ਲਾਲਾ ਦੇਖ ਸਸੀ ਲਬ ਲੀ ॥ ੭੦॥ ਵੇਖ ਦੀਦਾਰ ਹੋਏ ਤਨ ਦੋਵੇ ਭੀ ਓਹ ਦਰਦਰੰਵਾਨੇ। ਖਿਆ ਬਾਝ ਨਾ ਰਜਨ ਮੂਲੇ ਨੈਨ ਉਦਾਸ ਅਯਾਨੇ । ਸਿਕਦਿਆਂ ਕੂ ਮਿਲੇ ਜਿਸ ਦਿਲ ਨੂੰ ਕੀਮਤ ਕਦਰ ਪਛਾਨੇ । ਹਾਸ਼ਮ ਇਸ਼ਕ ਲਿਲ ਕਮਾਲਨਹੋਰਗਵਾਰ ਕੀਜਾਨੇ੭੧ਭਾਰ ਉਠਾ ਚਲੇਕਰਵਾਨੇ ਦਿਤੇ ਨੇ ਡੇਰੇ । ਆਖ ਰਹੇ ਚਲ ਹੋਤ ਪੁਨੰ ਨੂੰ ਜੋੜਨ ਹਥ ਬਥੇਰੇ ਲਚਾਰ ਚਲੇ ਕਰਵਾਨੇ ਕੀਰਮ ਦਾ ਸਵੇਰੇ । ਹਾਸ਼ਮ ਇਸ਼ਕ ਨਾਂ ਤਨ ਵਸਿਆ ਕੌਣ ਉਨਾਂ ਦਿਲ ਫੇਰੇ ॥ ੭੨ ॥

(ਬਲੋਚਾਂ ਦਾ ਪੁਨੂ ਦੇ ਪਿਉ ਨੂੰ ਖਬਰ ਦੇਨਾ)

ਚਮ ਆਨ ਕਹਿਆ ਕਰਵਾਨਾਂ ਬਾਤ ਜਿਵੇਂ ਕੁਝ ਮਾਂਹੀ । ਹੋਤ ਸੀਸ ਸਸੀ ਦਿਲ ਕੀਤਾ ਜੁਲਫ ਕੰਡ ਘਤ ਫਾਹੀ । ਆਵਨ ਜਾਨ ਯਾਦ ਪੁਨੂੰ ਨੂ ਇਸ਼ਕ ਦਿਤੀ ਗੁਮਰਾਹੀ ।ਹਾਸ਼ਮ ਹਾਲ ਸੁਨਾ ਲੋਚਾਂ ਤੇਗ ਪਿਉ ਤਨ ਲਾਈ । ੭੩ । ਹੋਤ ਅਲੀ ਇਨ ਰੋਵਨ ਾਝੇ ਪਲਕ ਅਰਾਮ ਨਾ ਤਿਸਨੂ । ਮੌਤ ਭਲੀ ਮਰ ਜਾਨ ਚੰਗੇਰਾ ਾਨ ਪਏ ਦੁਖ ਜਿਸਨੂੰ । ਕੀਚਮ ਨਾਰ ਜਹੰਨਮ ਕੋਲੋਂ ਤੇਜ ਹੋਯਾ ਪ ਤਿਸ ਨੂੰ ਹਾਸਮਵਾਂਗ ਯਕੂਬਪੈਕੰਬਰਹਾਲ ਸੁਨਾਵੇ ਕਿਸਨੂੰ।੭੪ ੀਚਮ ਲੋਗ ਫਿਰਾਕ ਪੂਨੂ ਦੇ ਰੋ ਰੋ ਹੋਨ ਦੀਵਾਨੇ । ਯੂਸਫ ਵੇਖ ਾਏ ਕਰਵਾਨੇ ਹਰ ਇਕ ਵਿਰਦ ਜੁਬਾਨੇ। ਪਟੇ ਵਾਲ ਸੁਟਨ ਵਿਚ ਲੀਆ ਮਹਿਲੀ ਸੋਰ ਜਨਾਨੇ ਹਾਸਮ ਫੇਰ ਪੂਨੂ ਰਬ ਲਿਆਵੇ ਹੀ ਸਲਾਮਤ ਪਾਨੇ ॥ ੭੫ ।ਸਤਰ ਸਰਾਰ ਭਰਾ ਪੁਨੂ ਦੇ ਫੇਰ ਨੂ ਵਲ ਧਾਏ ।ਤੇਜਪਲਾ ਸਰਬ ਸੁਰਾਹੀ ਨਾਲ ਨਿਕਾਲ ਲਿਆਏ

Digitized by Panjab Digital Library | www.panjabdigilib.org

ਓੜਕ ਪੇਸ਼ ਨਾ ਜਾਏ ਕੋਈ ਬਾਝ ਧੁਰੋ ਕਮਾਏ ਹਾਸ਼ਮ ਆਖੇ ਠ
ਸੁਖ ਸੋਵਨ ਬੇ ਇਨਸਾਫ਼ ਰਖਾਏ । ੭੩ । ਸ਼ੈਹਰ ਭੰਬੋਰ ਭਰਾ
ਦੇ ਨਾਲ ਗਏ ਰੰਗ ਰਸਦੇ । ਦਿਲ ਵਿਚ ਖੋਟ ਜ਼ਬਾਂ ਵਿਚ ਸੀ
ਆਨ ਮਿਲੇ ਗਲ਼ ਹਸਦੇ । ਵਤਨੀ ਲੋਗ ਜੋ ਦੇ ਹੁਮਹਿਰਮ ਹਰਕਿ
ਭੇਦ ਨਦਸਦੇ ਹਾਸਮ ਕਰਨ ਲੁਕਾ ਬਥੇਰਾ ਮਿਰਗ ਭਲਾ
ਫਸਦੇ । ੭੭ । ਸੁਨ ਕਰਵਾਨ ਸਸੀ ਪੁਨੂੰ ਚੜ੍ਹਿਆ ਚੰਨ ਦੁਪਹਿ
ਟਲ ਮਿਲ ਸਯਾਂ ਦੇ ਆਖੇ ਭਾਗਭਲੇ ਦਿਨ ਮੇਰੇ । ਇਕ ਦੋ ਚਾਰ
ਵਿਚ ਖਿਦਮਤ ਨਫਰ ਗੁਲਾਮ ਚੁਫੇਰੇ ।ਹਾਸਮ ਫੇਰਨਾ ਸਮਝਨਭ
ਪਾਪ ਕਰੇਂਦੇ ਜੇੜ੍ਹੇ । ੭੮ । ਰਾਤ ਪਈ ਜਾਂ ਖਾਸ ਪੁਨੂੰ ਦੇ
ਮਿਠੀ ਦਿਲ ਕਾਲੇ । ਹੋਤ ਪੁਨੂੰ ਨੂੰ ਮੌਤ ਸਸੀ ਦੇ ਭਰ ਭਰ
ਪਿਆਲੇ ।ਓਹ ਕੀ ਜਾਣਨ ਸਾਰ ਇਸ਼ਕ ਦੀ ਊਠ ਚਰਾਵਨ
ਹਾਸਮ ਦੇਸ ਨਹੀਂ ਕਰਵਾਨਾਂ ਇਸ਼ਕ ਕਈ ਘਰ ਗਾਲੇ ॥ ੭੯
ਮਸਤ ਬੇਹੋਸ਼ ਹੋਯਾ ਸ਼ਾਹਜਾਦਾ ਰਹਿਆ ਸਵਾਲ ਜਵਾਬੋ ।
ਨੀਂਦਰ ਗਲ ਬਾਂਹ ਸਸੀ ਦੀ ਦੂਜੇ ਮਸਤ ਸ਼ਰਾਬੋਂ । ਆਸ਼ਕ ਹੋ
ਤੇ ਸੁਖ ਸੋਵਨ ਏਹ ਗਲ ਦੂਰ ਹਸਾਬੋਂ । ਹਾਸ਼ਮ ਜਿਸ ਫੜਿ
ਰਾਹ ਇਸ਼ਕ ਦਾ ਕਾਜ ਗਵਾਯਾ ਖਾਬੋਂ ॥ ੮੦ ॥

(ਬਲੋਚਾਂ ਦਾ ਸਸੀ ਦੇ ਬਾਗ ਵਿਚੋਂ ਪੁਨੂੰ ਨੂੰ ਲੈ ਜਾਣਾ)

ਅਧੀ ਰਾਤ ਗਈ ਕਰਵਾਨਾ ਸੁਤਰਾਂ ਤੰਗ ਕਸਾਏ । ਮਹਿ ਮਲ ਪ
ਬੇਹੋਸ਼ ਪੁਨੂੰ ਨੂੰ ਸ਼ਹਿਰ ਭੰਬੋਰੋ ਧਾਏ ।ਘੁੜ ਬਲੋਚ ਬੇਤਰਸ ਜੋ ਕਿ
ਕਰ ਯਾਰ ਵਛੋੜ ਲਿਆਏ । ਹਾਸ਼ਮ ਰੋਵਨ ਤੇ ਕੁਰਲਾਵਨ
ਸਸੀ ਦਿਨ ਆਏ । ੮੧ । ਖਾਤਰ ਕਰਨ ਕਬਾਬ ਸਸੀ ਦੇ ਮ
ਜਦਾਈ ਕਾਨੀ ਆਣ ਪਏ ਦੁਖ ਜਿਸਨੂੰ ਜਾਨੇ ਕੀਗਲ ਕਰੇ ਜ਼ੁਬਾ
ਗੁਜਰੀ ਰਾਤ ਹੋਯਾ ਦਿਨ ਰੋਸ਼ਨ ਆਨ ਖਿੜੀ ਚਰਲਾਨੀ । ਹਾ
ਸੂਰਜ ਆਖ ਨਹੀ ਏਹ ਰੋਸ਼ਨ ਛਿਖਾ ਅਸਮਾਨੀ । ੮੨ ॥
ਉਘਾੜ ਸਸੀ ਜਦ ਦੇਖੇ ਜਾਗ ਪਈ ਸੁਧ ਆਈ । ਵਾਹਦ

Digitized by Panjab Digital Library | www.panjabdigilib.org

ੀ ਉਤਾਹੀਂ ਨਾਲ ਸੁਤੀ ਜਿਸ ਆਈ ਨਾ ਓਹ ਉਠ ਨਾਂ ਉਠਾ
ਲੇ ਨਾ ਓਹ ਜਾਮ ਸੁਰਾਹੀ। ਹਾਸ਼ਮ ਤੋੜ ਸੰਗਾਰ ਸਸੀ ਨੇ ਖਾਕ
ਟੀ ਸਿਰ ਪਾਈ। ੮੩। ਜਿਸ ਦਿਨ ਹੋਤ ਸਸੀ ਛਡ ਟੁਰਿਆ
ਖੇ ਵੇਖਾ ਦਿਨ ਕੇਹਾ। ਦੋਜ਼ਕ ਕਦੇ ਨਾ ਤੇਜ ਹੋਯਾ ਸੀ ਤਪਿਆ
ਦਿਨ ਜੇਹਾ। ਦਿਲਦਾ ਖੂਨ ਅਖੀ ਫੁਟ ਆਇਆ ਜਾਲਮਇਸ਼ਕ
ਾਹਾਸ਼ਮ ਮਾਰ ਲਾਵੇ ਗਲੀਆਂ ਬਾਨ ਇਸ਼ਕ ਦੀ ਏਹਾ॥ ੮੪ ॥ ਤੋੜ ਸੰਗਾਰ ਸਸੀ ਉਠ
ਖੋਲ੍ਹ ਲਿਟਾਂ ਘਰਬਾਰੋਂ। ਚੜਿਆ ਆਨ ਕ੍ਰੋਧ ਸਸੀ ਨੂੰ ਚੰਦ ਛੁਟਾ ਪਰਵਾਰੋਂ। ਦੌੜੀ ਸਾਥ
ਦਾ ਤਕਦੀ ਫੜਕੇ ਤੇਗ ਹਿਜਰ ਦੀ। ਹਾਸ਼ਮ ਸਹਿਨ ਮਹਾਲ ਜੁਦਾਈ ਸਖਤ ਬੁਰੀ ਤਲਵਾਰੋ।
। ਧੋਬਨ ਮਾਂ ਨਸੀਹਤ ਕਰਦੀ ਆ ਧੀਆ ਪੈ ਰਾਹੀਂ ਧੋਬਨ ਜ਼ਾਤ ਕਮੀਨੀ ਕਰਕੇ ਛੋਡ ਗਏ
ਤਾਹੀਂ। ਭੁਜ ਭੁਜ ਫੇਰ ਉਸੀ ਵਲ ਦੌੜੇਂ ਲਾਜ ਅਜੇ ਤੁਧ ਨਾਹੀਂ। ਹਾਸ਼ਮ ਵੇਖ ਦੁਖਾਂ ਵਲ ਪਾਕੇ
ਬਲੋਚ ਬਲਾਈਂ ॥ ੮੬॥ ਤੋੜ ਜਵਾਬ ਮਾਈ ਨੂੰ ਦਿਤਾ ਕਰ ਦੁਖ ਵੈਨ ਸੁਨਾਏ। ਮਸਤ ਬੇਹੋਸ਼
ਵਿਚ ਮਹਿਮਲ ਪਾ ਬਲੋਚ ਸਿਧ ਏ। ਜੇ ਕੁਝ ਹੋਸ਼ ਹੁੰਦੀ ਸ਼ਾਹਜ਼ਾਦੇ ਛੋੜ ਸਸੀ ਕਿਤ ਜਾਏ
ਲੇਖ ਲਿਖਿਆ ਗਲ ਪਾਯਾ ਛੋੜ ਮੇਰਾ ਲੜ ਮਾਏ॥ ੮੭ ॥ ਓਹ ਮੁੜ ਜਾਏ ਨਹੀ ਜੇਤੁਧ
ਪ੍ਰੀਤ ਪੁਨੂੰ ਦੀ ਐਸੀ। ਮਸਤ ਬੇਹੋਸ਼ ਨਾ ਰਹਿਸੀ ਮੂਲੇ ਅੰਤ ਸਮੇਂ ਸੁਧ ਲੈਸੀ। ਆਪੇਵੇਖਲਬਾ
ਤੇਰੇ ਜਾਗ ਆਈ ਮੁੜ ਵੈਸੇ। ਹਾਸ਼ਮ ਬਾਝ ਦੋਵਾਂ ਤਨ ਮਿਲਿਆਂ ਚਾਟਲਗੀ ਤਨ ਕੈਸੀ।੮੮।
ਸਖਤ ਜੰਜੀਰ ਬਲੋਚਾਂ ਹੋਤ ਪੁਨੂੰ ਨੂ ਪਾਏ। ਕਦ ਓਹ ਮੁੜਨ ਪਿਛਾਹਾਂ ਦੇਂਦੇ ਐਡ ਕੁਧਰਮੀ
। ਕਾਲਾ ਰਹਿਨ ਖਰਾਬ ਹਮੇਸ਼ਾਂ ਦੁਖੀਏ ਆਨ ਦੁਖਾਏ। ਹਾਸ਼ਮ ਕੇਡਕ ਬਾਤ ਸਸੀ ਨੂ ਜੇ ਰਬ
ਮਿਲਾਏ ॥ ੮੯ ॥ ਮਾਂ ਕਹੇ ਫਿਰ ਸਮਝ ਸਸੀ ਨੂ ਕਰ ਕੁਝ ਹੋਸ਼ ਟਿਕਾਨੇ। ਜਰੀਕਰਨਮਹਾਲ
ਸਾਂ ਜਾਨਨ ਬਾਲ ਇਆਣੇ। ਬਾਝ ਪਿਆਰ ਖੁਦਾ ਨਾ ਹੁੰਦੇ ਆਦਮ ਖੂਬ ਸਿਆਣੇ। ਹਾਸ਼ਮ ਸਮਝ
ਾਰ ਬਲੋਚਾਂ ਕੀ ਸਿਰ ਦੋਸ ਬਗਾਨੇ ॥੯੦॥ ਮਾਏ ਜੇ ਦਿਲ ਖਾਹਸ ਹੋਏ ਓਸ ਮੇਰੇ ਦਿਲਬਰਦੇ
ਬਰ ਬੇ ਪਰਵਾਹ ਹਮੇਸ਼ਾਂ ਕੁਝ ਪਰਵਾਹ ਨਾ ਕਰਦੇ। ਮੁਫਤ ਪਤੰਗ ਚਕੋਰ ਵਚਾਰੇ ਦੇਖ ਸ਼ਮਾਂ
ਮਰਦੇ। ਹਾਸ਼ਮ ਮੋੜ ਰਹੇ ਨਹੀਂ ਮੁੜਦੇ ਘਰ ਦੇ ਲੋਗ ਸ਼ਹਿਰ ਦੇ ॥ ੯੧ ॥ ਮਾਈ ਫੇਰ ਸਸੀ
ਆਖੇ ਆ ਮੁੜ ਐ ਦਵਾਨੀ। ਕਿਸ ਦਿਨ ਜਾ ਬਲੋਚਾਂ ਮਿਲਸੇਂ ਪੈਰੀਂ ਟੁਰਨ ਬੇਗਾਨੀ। ਸੂਲੀ
ਰ ਅਗੇ ਬਲ ਮਾਰੂ ਤਰਸ ਮਰੇ ਬਿਨ ਪਾਨੀ। ਹਾਸ਼ਮ ਜਾਨ ਮਹਾਲ ਅਕੇਲੀ ਵਿਚ ਜੰਗਲਬੀਆ
ਨੀ॥ ੯੨ ॥ ਮਰਸਾਂ ਮੂਲ ਨਾ ਮੁੜਸਾਂ ਰਾਹੋਂ ਜਾਨ ਤਲੀ ਪਰ ਧਰਸਾਂ। ਜਬ ਤਕਜਾਨ ਰਹੇ ਵਿਚ
ਨ ਦੇ ਮਰਨੋ ਮੂਲ ਨਾ ਡਰਸਾਂ। ਜੇ ਰਬ ਕੂਕ ਸਸੀ ਦੀ ਸੁਨਸੀ ਜਾ ਪਲਾ ਉਸ ਫੜਸਾਂ। ਹਾਸ਼ਮਨਹੀ
ਹੀਦ ਬੀ ਹੋਕੇ ਬਲ ਮਾਰੂ ਵਿਚ ਮਰਸਾਂ॥ ੯੩ ॥ ਫੜਿਆ ਰਾਹ ਹੋਈ ਪਰਦੇਸਨ ਟੁਟ ਗਈਡੋਰ
ਤੰਗੋਂ। ਦਿਲ ਤੋਂ ਖੌਫ ਉਤਾਰ ਸਦਾਈ ਵਲੋਂ ਸੇਹ ਪਲੰਗੋਂ। ਸਸੀਓਹ ਨਾਦਰਦੀ ਆਹੀ ਪੈਰਹਠਾਂਹ
ਲੰਗੋਂ। ਹਾਸ਼ਮ ਜੇ ਦਿਲ ਚਾਹੇ ਖਲਾਸੀ ਹੋਸੀ ਕੈਦ ਫਰੰਗੋਂ॥੯੪॥ ਕਰ ਅਸਬਾਬ ਚਲੀ ਸ਼ਾਹ-
ਦੀ ਫੜਿਆ ਰਾਹ ਖਤਰ ਦਾ ਪਾਣੀ ਖੂਨ ਖੁਰਾਕ ਕਲੇਜਾ ਘਾਇਲ ਸ਼ਮਸ ਕਮਰ ਦਾ। ਗਲ
ਚ ਵਾਲ ਅਖੀਂ ਵਿਚ ਸੁਰਖੀਂ ਸੂਰਜ ਕਮਕ ਕਹਿਰ ਦਾ। ਹਾਸ਼ਮ ਵੇਖ ਅਹਿਵਾਲ ਕਲੇਜਾ ਰਹਿ
ਰ ਦਰਦ ਹਿਜਰ ਦਾ ॥ ੯੫ ॥ ਚਮਕੀ ਆਨ ਦੁਪਹਿਰ ਵੇਲੇ ਗਟਮੀ ਗਰਮ ਬਹਾਰੇ। ਤਪਦੀਵਾ
ਗੇ ਅਸਮਾਨੋ ਪੰਛੀ ਮਾਰ ਉਤਾਰੇ। ਆਤਸ਼ ਦਾ ਦਰਯਾ ਖਲੋਤਾ ਬਲ ਮਾਰੂ ਵਿਚ ਸਾਰੇ। ਹਾਸ਼ਮ ਫੇਰ
ਛਾਂਹ ਨਾ ਮੁੜਦੀ ਲੂੰ ਲੂੰ ਹਠ ਪੁਕਾਰੇ॥੯੬॥ ਨਾਜ਼ਕ ਪੈਰ ਗੁਲਾਬ ਸਸੀ ਦੇ ਮਹਿੰਦੀ ਨਾਲ ਸ਼ਿੰਗਾਰੇ।
ਲੂ. ਰੇਤ ਤਪੇ ਵਿਚ ਥਲ ਦੇ ਜਿਉਂ ਜੌਂ ਭਠਿਆਰੇ। ਸੂਰਜ ਭਜ ਵੜਿਆ ਵਿਚ ਬਦਲੀਂ ਡਰਦਾ

Digitized by Panjab Digital Library | www.panjabdigilib.org

ਲਿਸ਼ਕ ਨ ਮਾਰੇ । ਹਾਸ਼ਮ ਦੇਖ ਯਕੀਨ ਸਸੀ ਦਾ ਸਿਦਕੋਂ ਮੂਲ ਨਾ ਹਾਰੇ॥੯੭॥ਦਿਲ ਵਿਚ ਤ
ਥਲਾਂ ਦੀ ਗਰਮੀ ਆਨ ਫਿਕਰ ਰੰਝਾਣੀ । ਕਿਚਰਕ ਨੈਨ ਕਰਨ ਦਿਲਬਰੀਆਂ ਜਾਨ ਲਬਾਂ ਜਿ
ਪਾਣੀ। ਫੜ ਫੜ ਡਾਢ ਕਰੇ ਹਠ ਦਿਲਦਾ ਪਰ ਜਦ ਬਹੁਤ ਵਿਹਾਣੀ। ਹਾਸ਼ਮ ਬਾਦ ਭੰਬੋਰਪਿ
ਉਸ ਟੁਟ ਗਿਆ ਮਾਣ ਨਿਮਾਣੀ॥੯੮॥ਜੇ ਜਾਨ ਸਸੀ ਨੂੰ ਇਕ ਪਲ ਅਖਨਾ ਝਮਕਾਂ।ਜ਼ਰਾਹੋਕੇ
ਥਲਾਂ ਦੇ ਵਾਂਗ ਜਵਾਹਰ ਚਮਕਾਂ ।ਵਾਂਗੂ ਜਲਥਲ ਦੇਣ ਦਿਖਾਲੀ ਥਲ ਮਾਰੂ ਦੀਆਂ ਚਮਕਾਂ।ਹਾ
ਕੌਣ ਸਸੀ ਬਿਨ ਦੇਖੇ ਇਸ ਇਸ਼ਕ ਦੀਆਂ ਚਮਕਾਂ।੯੯। ਥਲ ਮਾਰੂ ਤਪ ਦੋਜ਼ਕ ਹੋਯਾ ਆਤਸ਼
ਹਿਜਰ ਦੀ। ਮੁੜਨ ਮਹਾਲ ਵਲ ਕਨ ਔਖੀ ਸੂਰਤ ਕੀਚ ਸ਼ਹਿਰ ਦੀ। ਜਬ ਤਕ ਸਾਸਨ ਰਾ
ਹੋਹਨ ਦਿਲ ਵਿਚ ਤਾਂਗ ਮਿਸਰ ਦੀ। ਹਾਸ਼ਮ ਸਖਤ ਬਲੋਚ ਕਮੀਨੇ ਬੇਇਨਸਾਫ ਬੇਦਰਦੀ।੧
ਕੁਝ ਬਹਿੰਦੀ ਕੁਝ ਡਿਗਦੀ ਢੈਂਦੀ ਉਠਦੀ ਤੇ ਦਮ ਲੈਂਦੀ।ਜਿਉਂ ਕਰ ਟੇਟ ਸ਼ਤਾਬੋਂ ਆਵੇ ਓਰਾ
ਵਲ ਡਹਿੰਦੀ।ਢੂੰਡ ਖੋਜ ਸੁਤਰ ਦਾ ਫੜਕੇ ਕਿਤ ਵਲ ਭਾਲਨ ਪੈਂਦੀ।ਹਾਸ਼ਮ ਜਗਤ ਨਾ ਕਿਉਂ
ਗਾਵੇ ਪ੍ਰੀਤ ਸੰਪੂਰਨ ਜੈਂਦੀ। ੧੦੧ ਕੁਦਰਤ ਨਾਲ ਸਸੀ ਹਥ ਆਯਾ ਫੜਿਆ ਖੋਜ ਸੁਤਰ
ਜਾਂ ਫਾਯਾ ਉਸ ਖੋਜ ਸੁਤਰ ਦਾ ਮਿਲਿਆ ਜਾਮ ਖਿਜ਼ਰ ਦਾ ।ਯਾਂ ਓਹ ਨੂਰ ਨਜ਼ਰ ਦਾ ਕਹੀਏ
ਦਰਦ ਜਿਗਰ ਦਾ। ਹਾਸ਼ਮ ਪੈਕ ਸਸੀ ਹਟ ਆਇਆ ਕਾਸਦ ਕੇਚ ਸ਼ਹਿਰ ਦਾ॥੧੦੨ ਫਿਰਦੀ
ਰਹੀ ਹੋਰ ਦੂਜਾ ਖੋਜ ਨਾ ਨਜ਼ਰੀ ਆਵੇ। ਦਾਰੂ ਦਰਦ ਜਿਗਰ ਦਾ ਕਰਕੇ ਖੋਜ ਪਈ ਗਲ ਲ
ਫੇਰ ਭੁਲਾ ਨ ਸਕਦੀ ਮੂਲੇ ਮਤ ਏਹ ਭੀ ਛਲ ਜਾਵੇ। ਹਾਸ਼ਮ ਫੇਰ ਵਸਾਹ ਨਾ ਕਰਦੀ ਵਾਂਗ
ਗਲ ਜਾਵੇ॥੧੦੩॥ ਕਾਕਾ ਨਾਮ ਅਯਾਲੀ ਆਹਾ ਉਸ ਜੰਗਲ ਫਿਰਦਾ। ਅੰਚਲ ਛੋਡ ਨਿ
ਕਰਕੇ ਰਾਹ ਉਧਰ ਦਾ। ਡਿਠਾ ਓਹ ਸਸੀਨੇ ਦੂਰੋਂ ਥਲ ਮਾਰੂ ਵਿਚ ਫਿਰਦਾ।ਹਾਸ਼ਮ ਨੂੰ ਰਕ
ਉਸਨੂੰ ਪਰਚਾ ਵਸ ਦਿਲ ਘਿਰਦਾ। ੧੦੪। ਸੂਰਤ ਦੇਖ ਅਯਾਲੀ ਡਰਿਆ ਮਫਤ ਮਾਰ ਨ
ਆਦਮ ਰੂਪ ਜਨਾਨੀ ਸੂਰਤ ਥਲ ਮਾਰੂ ਕਦ ਆਵੇ। ਜਉਂ ਜਿਉਂ ਸੁਨ ਅਵਾਜ਼ ਸਸੀ ਦਾ ਛਪ
ਜਾਨ ਬਚਾਵੇ।ਹਾਸਮ ਜਾ ਹੋਵਨ ਦਿਨ ਉਲਟ ਸਭ ਉਲਟਾ ਹੋ ਜਾਵੇ ।੧੦੫। ਕੂਕ ਪੁਕਾਰ ਨ
ਸਸੀ ਹੋ ਖਜ ਬੈਠੇ ਮੁੜ ਦੌੜੀ।ਦਿਲ ਨੂੰ ਸਾੜ ਥਲਾਂ ਦੀ ਗਰਮੀਂ ਰੂਹ ਦੇਵੰਣੀ ਹੋੜੀ। ਪਿਛਾਦੇ
ਸ਼ਾਹਜ਼ਾਦੀ ਜਾਨ ਲਗੀ ਫਿਟ ਕੌੜੀ।ਹਾਸਮ ਕੌਨ ਫਲਕ ਪਰ ਪਹੁੰਚੇ ਜਾਂ ਚੜੀਏ ਧਰ ਪੌੜੀ।੧
ਮੰਜਲੀ ਆਖ ਜਤਨ ਕਰ ਪਹੁੰਚੀ ਖੋਜ ਉਪਰ ਦਧ ਧਰਕੇ।ਡਿਗਦਿਆਂ ਢੋਯਾ ਕੀਤੀਆਂ ਆਹੀਂ
ਬਲੋਚਾਂ ਕਰਕੇ।ਸ਼ਾਲਾ ਰਹਿਣ ਕਿਆਮਤ ਤੀਕ ਨਾਲ ਸੂਲਾਂ ਦੇ ਲਟਕੇ ।ਹਾਸਮ ਸਰਨ ਕਮੌਤ ਬ
ਲੂਣ ਵਾਂਗੂ ਖੁਰ ਖੁਰਕੇ।੧੦੭।ਓੜਕ ਵਕਤ ਕਹਿਰ ਦੀਆਂ ਕੂਕਾਂ ਸੁਨ ਪਥਰ ਢਲ ਜਾਵੇ।ਜਿਸਤ
ਮੇਰਾ ਨ ਖੜਿਆ ਸ਼ਾਲਾ ਓਹ ਦੋਜ਼ਖ ਵਿਚ ਜਾਵੇ ।ਯਾ ਉਸ ਨਹੁੰ ਲਗੇ ਵਿਚ ਬਿਰਹੋਂ ਵਾਂਗ
ਜਰ ਜਾਵੇ।। ਹਾਸਮ ਮੌਤ ਪਵੇ ਕਰਵਾਨਾ ਤੁਖਮ ਜ਼ਮੀਨੋਂ ਜਾਵੇ ॥ ੧੦੮ । ਫਿਰ ਮੁੜ ਸਮਸ
ਲਖ ਤੋਬਾ ਮੈਥੋਂ ਬਹੁਤ ਬੇਅਦਬੀ ਹੋਈ। ਜਿਸ ਪਰ ਯਾਰ ਕਰੇ ਅਸਵਾਰੀ ਤਿਸਦੇ ਜੇਡ ਨ ਹੋ
ਕੁਝ ਮੈਂ ਵਾਂਗ ਨਕਰਮਨ ਨਾਹੀਂ ਕਿਤਵਲ ਮਿਲੇ ਨ ਢੋਈ। ਹਾਸਮ ਕੰਤ ਮਿਲੇ ਹੁਣ ਜਿਸਨੂੰ ਮ
ਸੁਹਾਗਨ ਹੋਈ। ੧੦੯। ਸਿਰ ਧਰ ਖੋਜ ਬਹੁਤ ਗਮ ਆਯਾ ਮੌਤ ਸਸੀ ਦੀ ਆਈ। ਪੁਸ਼
ਯਾਰ ਅਸਾਂ ਤੁਧ ਕਾਰਨ ਥਲ ਵਿਚ ਜਾਨ ਗਵਾਈ। ਡਿਗਦਿਆਂ ਸਾਰ ਗਿਆ ਦਮ ਨਿਕਲ
ਥੀਂ ਜਾਨ ਸਿਧਾਈ। ਹਾਸਮ ਕਹੁ ਲਖ ਲਖ ਸ਼ੁਕਰਾਨੇ ਇਸ਼ਕ ਵਲੋਂ ਰਹਿ ਆਈ ॥੧੧੦॥
ਤਜਵੀਜ ਅਯਾਲੀ ਦਿਲ ਵਿਚ ਕਰੇ ਵਿਚਾਰ ਉਸ ਗਲ ਦੀ। ਮਤ ਏਹ ਨਾਰ ਕਰੇ ਮਰ ਪਿਆ
ਰਾਹ ਬਦਾਉ ਨ ਚਲਦੀ। ਕਿਆ ਅਸਰਾਰ ਗਿਆ ਵੇਖ ਏਵੇਂ ਫੇਰ ਨਹੀ ਮੁੜ ਹਲਦੀ। ਹਾ
ਚਲ ਵੇਖਾਂ ਕੀ ਡਰਨਾ ਹੋਨ ਹਾਰਨਾ ਟਲਦੀ॥ ੧੧੧ ॥ ਅਯੜ ਛੋਡ ਸਸੀ ਵਲ ਟੁਰਿ
ਡਰਦਾ ਰਾਹ ਪਕੜਦਾ । ਸੂਰਤ ਵੇਖ ਅਹਿਵਾਲ ਸਸੀ ਦੀ ਚੜਿਆ ਜੋਸ਼ ਕਹਿਰ ਦਾ। ਜਿ
ਨੂੰ ਸ਼ੌਕ ਗਿਆ ਉਠ ਸਾਰਾ ਮਾਲ ਔਰਤ ਪੁਤਰ ਘਰ ਦਾ ।ਹਾਸ਼ਮ ਜਾਨਦਿਲੋਂ ਜਗ ਫਾਨੀ ਅ

Digitized by Panjab Digital Library | www.panjabdigilib.org

ਰੀ ਫੜਨਾ ॥ ੧੧੨ ॥ ਥਲ ਵਿਚ ਗੋਰ ਸਸੀ ਦੀ ਕਰਕੇ ਬੈਠਾ ਗੋਰ ਸਰਹਾਣੇ। ਗਲ ਕਫਨੀ ਪਾ ਬਰਹਿਨਾਂ ਵਾਂਗ ਯਤੀਮ ਨਮਾਨੇ। ਇਕ ਗਲ ਜਾਨ ਲਈ ਜਗਫਾਨੀ ਰ ਕਲਮ ਸੰਧਾਨੇ ਮ ਖਾਸ ਫਕੀਰੀ ਏਹੋ ਪਰ ਕੋਈ ਵਿਰਲਾ ਜਾਨੇ ॥੧੧੩। ਉਡਿਆ ਭੌਰ ਸਸੀ ਦੇ ਤਨ ਥੀਂ ਪੁਨੂੰ ਵਲ ਆਯਾ। ਮਹਿਮਲ ਮਸਤ ਬੇਹੋਸ਼ ਪੁਨੂੰ ਨੂੰ ਸੁਫਨੇ ਆਨ ਜਗਾਯਾ। ਲੈ ਹਨ ਯਾਰ ਮੰਗ ਤੇਰੇ ਕੌਲ ਕਰਾਰ ਨਿਭਾਯਾ। ਹਾਸ਼ਮ ਰਹੀ ਸਸੀ ਵਿਚ ਥਲ ਦੇ ਮੈਂ ਰੁਖਸਦ ਕਰ ਲੈ ਆਯਾ ੪ ॥ ਅਦ ਕੜੀ ਨੀਂਦ ਪੁਨੂੰ ਉਠ ਬੈਠਾ ਜਲਦੀ ਵਿਚ ਕਰਾਵੇ। ਨਾ ਉਹ ਸ਼ਹਿਰ ਭੰਬੋਰ ਗਰਾ ਨਾ ਓਹ ਮਹਿਲ ਸੁਹਾਵੇ। ਅਚਾਨਕ ਚਮਕ ਲਗੀ ਸ਼ਾਹਜਾਦੇ ਦੇ ਕੁਝ ਸਿਰ ਨਾ ਆਵੇ। ਹਾਸ਼ਮ ਜਾਗ ਆਈ ਜਿਤ ਵੇਲੇ ਫਿਰ ਕਿਆ ਚੈਨ ਵਿਹਾਵੇ। ੫ ॥ ਉਹ ਸੁਤਰ ਮੋੜ ਘਰ ਨੂੰ ਟੁਰਿਆ ਫੇਰ ਸਸੀ ਵਲ ਮੁੜਿਆ। ਆਵਨ ਫੇਰ ਨਾ ਦੇਦੇ ਉਠ ਮਹਾਰੋਂ ਫੜਿਆ। ਤੁਧ ਬਿਨ ਬਾਪ ਨਬੀਨਾ ਹੋਯਾ ਕੂਕੇ ਸੜਿਆ ਸੜਿਆ। ਮ ਮਹਿਲ ਕੀਚਮ ਦੇ ਉਤੇ ਪ੍ਰੇਮ ਪਿਆਲਾ ਫੜਿਆ ॥ ੧੧੬ ॥ ਹਿਜਰੋਂ ਅਗ ਪੁਨੂੰ ਨੂੰ ਭੜਕੀ ਜਵਾਬ ਸੁਣਾਵੇ। ਜੈਸੀ ਨਾਲ ਅਸਾਡੇ ਕੀਤੀ ਪੇਸ਼ ਤੁਸਾਡੇ ਆਵੇ। ਕਹਿੰਦੀ ਮਾਂ ਪੁਨੂੰ ਪੁਤ ਨਾਲ ਮੋਯਾ ਮਰ ਜਾਵੇ। ਹਾਸ਼ਮ ਬਾਝ ਸਸੀ ਨਹੀ ਦੂਜਾ ਜੇ ਰਬ ਫੇਰ ਮਿਲਾਵੇ।੧੧੭॥ ਖੰਡਾ ਚ ਖਿਆਲ ਨਾ ਛਡਦੇ ਰਾਹ ਵਿਚ ਘੇਰ ਖਲੋਂਦੇ। ਨਾਲੇ ਜੋਰ ਦਿਖਾਵਨ ਅਪਨਾ ਗਲੇ ਲਗ । ਜਦ ਤਕ ਜਾਨ ਨਾ ਮੁੜਨ ਦੇਸਾਂ ਆਪ ਪੁਨੂੰ ਨੂੰ ਕਹਿੰਦੇ। ਹਾਸ਼ਮ ਆਸ਼ਕ ਬਾਝ ਮਸ਼ੂਕਾਂ ਕੀਤੇ ਕਦ ਰਹਿੰਦੇ ॥ ੧੧੮ ॥ ਬਹੁਤ ਲਾਚਾਰ ਹੋਯਾ ਸ਼ਾਹਜਾਦਾ ਖਿਚੀ ਪਕੜ ਕਟਾਰੀ। ਦੀ ਚਮਕ ਲਗੇ ਜਿੰਦ ਜਾਏ ਕੀਮਤ ਬੇਸ਼ੁਮਾਰੀ ਛੋੜ ਮੁਹਾਰ ਦਿਤੀ ਤਦ ਭਾਈ ਡਰਦਿਆਂ ਪਿਆਰੀ। ਹਾਸ਼ਮ ਕੌਨ ਫੜ ਜਿੰਦ ਬਾਜਾਂ ਜਾਨ ਇਸ਼ਕ ਵਿਚ ਹਾਰੀ ॥ ੧੧੯ ॥ ਸਟੀ ਹੋਤ ਰ ਸਸੀ ਵਲ ਚਲ ਭਾਈ ਦੁਖ ਜਾਈ। ਮਿਲਸਾਂ ਮੈਂ ਇਕ ਵਾਰ ਸਸੀ ਨੂੰ ਜੇ ਰਬ ਆਸ ਈ। ਝਟ ਪਟ ਫੇਰ ਸਸੀ ਵਲ ਕੇੜਾ ਵਕਤ ਹੋਏ ਮਨ ਭਾਈ। ਹਾਸ਼ਮ ਦੁਧ ਮਝੀ ਦਾ ਂ ਕਰਸਾਂ ਟਹਿਲ ਸਵਾਏ ॥ ੧੨੦ ॥ ਸ਼ਾਬਸ ਉਸ ਸ਼ੁਤਰ ਦਾ ਟੁਰਨਾ ਤੇਜ਼ ਬਣੀ ਤਗ ਤੀਰੋਂ ਤਾ ਆਨ ਸਮੀਦੀ ਕਰੇ ਆਕਲ ਸ਼ਤਰ ਭਜੀਰੋਂ। ਤ ਜੋ ਰ ਡਿਠਾ ਸ਼ਾਹਜਾਦੇ ਪੁਛਿਆ ਉਸ ਰੀਰੋਂ। ਹਾਸਮ ਕੌਨ ਬਜੁਰਗ ਸਮਾਯਾ ਵਾਕ ਫਕਰ ਇਸ ਪੀਰੋਂ ॥ ੧੨੧ ॥ ਆਖੇ ਓਹ ਫਕਰ ਨੂੰ ਨੂੰ ਖੋਲ ਹਕੀਕਤ ਸਾਰੀ ਆਹੀ ਨਾਰ ਪਨੀ ਦੀ ਸੂਰਤ ਗਰਮੀ ਮਾਰ ਉਤਾਰੀ। ਜਪਦੀ ਨਾਮ ਨੂੰ ਦਾ ਆਹੀ ਦਰਦ ਇਸਕ ਦੀ ਮਾਰੀ। ਹਾਸਮ ਨਾਮ ਕਾਨਨਾ ਆਹੀ ਕੌਨ ਵਿਚਾਰੀ ॥੧੨੨। ਲ ਸੁਨ ਹੋਤ ਜਿਮੀਂ ਤੇ ਡਿਗਾ ਖਾ ਕਲੇਜੇ ਕਾਨੀ। ਖੁਲ ਗਈ ਗੋਰ ਪਿਆ ਵਿਚ ਕਬਰੇ ਫੇਰ ਮਿਲੇ ਦਲ ਜਾਨੀ। ਖ ਤਰ ਇਸਕ ਗਈ ਰਲ ਮਿਟੀ ਸੂਰਤ ਹੁਸਨ ਜਨਾਨੀ। ਹਾਸਮ ਇਸਕ ਕਮਾਲ ਸੀ ਦਾ ਜਗ ਵਿਚ ਰਹੀ ਕਹਾਨੀ ॥ ੧੨੩ ॥

[ ਸੰਪੂਰਣੰ ].


## ਰਸਾਲਾ ਕੁਸ਼ਤਾਜਾਤ

ਅਨੇਕਾਂ ਤਰਾਂ ਦੇ ਅਸਚਰਜ ੨ ਕੁਸ਼ਤੇ ਮਾਰਨ ਦਾ ਇਹ ਅਜੀਬ ਹੀ ਰਸਾਲਾ ਹੈ, ਅਗਰ ਇਹ ਸਾਲਾ ਮੰਗਵਾਕੇ ਅਨੇਕਾਂ ਕੁਸ਼ਤੇ ਘਰ ਬੈਠੇ ਨਾ ਬਣਾਲਵੋ ਤਾਂ ਸਾਡਾ ਜਿੰਮਾ। ਭੇਟਾ ॥)

**ਪਤਾ—ਭਾਈ ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ,**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1329

Digitized by Panjab Digital Library | www.panjabdigilib.org

Digitized by Panjab Digital Library | www.panjabdigilib.org